## 23 ਜੁਲਾਈ ਨੂੰ ਪ੍ਰਕਾਸ਼ ਦਿਹਾੜੇ ਤੇ ਵਿਸ਼ੇਸ਼

# ਸ਼੍ਰੀ ਗੁਰੂ ਹਰਿਕ੍ਰਿਸ਼ਨ ਜੀ

ਮੱਖਣ ਸਿੰਘ ਵਿਰਦੀ
ਬੈਡਫੋਰਡ





ਸ਼੍ਰੀ ਗੁਰੂ ਨਾਨਕ ਜੀ ਦੀ ਗੱਦੀ ਦੇ ਅੱਠਵੇਂ ਵਾਰਸ ਸਾਹਿਬ ਸ਼੍ਰੀ ਗੁਰੂ ਹਰਿਕ੍ਰਿਸਨ ਜੀ ਦਾ ਜਨਮ 8 ਸਾਵਣ ਸੰਮਤ 1715 (7 ਜਨਵਰੀ ਸੰਨ 1656) ਨੂੰ ਕੀਰਤਪੁਰ ਵਿਚ ਸ਼੍ਰੀ ਗੁਰੂ ਹਰਿ ਰਾਇ ਜੀ ਅਤੇ ਮਾਤਾ ਕਿਸ਼ਨ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਆਪ ਜੀ 8 ਕੱਤਕ ਸੰਮਤ 1718 (7 ਅਕਤੂਬਰ 1661 ਈਸਵੀ) ਨੂੰ ਗੁਰਗੱਦੀ ’ਤੇ ਬਿਰਾਜਮਾਨ ਹੋਏ। ਗੁਰੂ ਹਰਿਰਾਇ ਜੀ ਨੇ ਆਪਣੇ ਵੱਡੇ ਸਪੁੱਤਰ ਰਾਮਰਾਇ ਜੀ ਨੂੰ ਗੁਰਗੱਦੀ ਨਹੀਂ ਸੀ ਦਿਤੀ।

ਔਰੰਗਜ਼ੇਬ ਗੁਰੂ ਹਰਿਰਾਇ ਜੀ, ਸੂਫੀ ਫਕੀਰ ਸਰਮੱਦ ਅਤੇ ਮੁੱਲਾ ਸ਼ਾਹ (ਹਜ਼ਰਤ ਮੀਂਆਂ ਮੀਰ ਜੀ ਦਾ ਗੱਦੀ ਨਸ਼ੀਨ) ਨੂੰ ਆਪਣੇ ਵੱਡੇ ਭਰਾ ਦਾਰਾ ਸ਼ਿਕੋਹ ਦੇ ਕਾਫਰ ਵਿਚਾਰਾਂ ਲਈ ਜਿਮੇਂਵਾਰ ਠਹਿਰਾਉਂਦਾ ਸੀ। ਉਸ ਦਾ ਇਹ ਵੀ ਵੀਚਾਰ ਸੀ ਕਿ ਉਸ ਦੇ ਵਿਰੁਧ ਗੁਰੂ ਹਰਿਰਾਇ ਜੀ ਨੇ, ਦਾਰਾ ਸ਼ਿਕੋਹ ਦੀ ਦਿੱਲੀ ਦਾ ਤੱਖਤ ਹਾਸਲ ਕਰਨ ਲਈ ਮੱਦਦ ਕੀਤੀ ਸੀ। ਦਾਰਾ ਸ਼ਿਕੋਹ ਨੂੰ ਕਤਲ ਕਰਨ ਅਤੇ ਆਪਣੇ ਬਾਪ ਸ਼ਾਹਜ਼ਹਾਨ ਨੂੰ ਆਗਰੇ ਦੇ ਕਿਲ੍ਹੇ ਵਿਚ ਕੈਦ ਕਰਨ ਮੱਗਰੋਂ ਉਸ ਨੂੰ ਜਿਨ੍ਹਾਂ ਉਪਰ ਦਾਰਾ ਸ਼ਿਕੋਹ ਦੀ ਮੱਦਦ ਕਰਨ ਵਾਰੇ ਸ਼ੱਕ ਸੀ ਉਨ੍ਹਾਂ ਉਪਰ ਆਪਣਾ ਗੁੱਸਾ ਕੱਢਣਾ ਸ਼ੁਰੂ ਕੀਤਾ।ਜਿਨ੍ਹਾਂ ਵਿਚ ਸਾਂਈਂ ਮੁੱਲਾ ਸ਼ਾਹ, ਸਰਮੱਦ ਅਤੇ ਗੁਰੂ ਹਰਿਰਾਇ ਜੀ ਸਨ। ਸਭ ਤੋਂ ਪਹਿਲਾਂ ਉਸ ਨੇ ਸਾਂਈਂ ਮੁੱਲਾ ਸ਼ਾਹ ਨੂੰ ਬਾਦਸ਼ਾਹ ਦੇ ਦਰਬਾਰ ਵਿਚ ਹਾਜ਼ਰ ਹੋਣ ਲਈ ਸੰਮਣ ਭੇਜੇ। ਸ਼ਾਹੀ ਸੰਮਣ ਮਿਲਣ ’ਤੇ ਉਸ ਦੀ ਮੌਤ ਹੋ ਗਈ। ਫਿਰ ਉਸ ਨੇ ਸਰਮੱਦ ਨੂੰ ਦਰਬਾਰ ਵਿਚ ਹਾਜ਼ਰ ਕਰਕੇ ਫਾਂਸੀ ਦੇ ਦਿਤੀ ਕਿਉਂਕਿ ਉਸ ਨੇ ਦਾਰਾ ਸ਼ਿਕੋਹ ਨੂੰ ਰੂਹਾਨੀ ਪ੍ਰਭਤਾ ਦੀ ਬਖਸ਼ਿਸ ਕੀਤੀ ਸੀ। ਹੁਣ ਉਸ ਨੇ ਆਪਣਾ ਧਿਆਨ ਗੁਰੂ ਹਰਿਰਾਇ ਜੀ ਵੱਲ ਮੋੜਿਆ ਅਤੇ ਗੁਰੂ ਜੀ ਨੂੰ ਦਿੱਲੀ ਦਰਬਾਰ ਵਿਚ ਹਾਜ਼ਰ ਹੋਣ ਲਈ ਸੰਮਣ ਭੇਜੇ। ਬਾਦਸ਼ਾਹ ਦਾ ਗੁਰੂ ਜੀ ਵੱਲ ਹੁਕਮ ਲੈ ਕੇ ਜਾ ਰਹੇ ਦੋ (2) ਹਰਕਾਰੇ ਅਕਾਲ ਪੁਰਖ ਦੀ ਕ੍ਰੋਪੀ ਦਾ ਸ਼ਿਕਾਰ ਹੋਏ ਅਤੇ ਰਸਤੇ ਵਿਚ ਹੀ ਮਾਰੇ ਗਏ। ਔਰੰਗਜ਼ੇਬ ਦੇ ਮਨ ਵਿਚ ਗੁਰੂ ਜੀ ਦੀ ਰੁਹਾਨੀ ਤਾਕਤ ਦਾ ਕੁਝ ਡਰ ਬੈਠ ਗਿਆ। ਹੁਣ ਉਸ ਨੇ ਸੰਮਣ ਦੀ ਵਜਾਏ ਨਰਮੀ ਵਾਲੀ ਚਿੱਠੀ ਗੁਰੂ ਜੀ ਵੱਲ ਭੇਜੀ। ਚਿਠੀ ਵਿਚ ਲਿਖਿਆ ਕਿ ਉਸ ਨੂੰ ਗੁਰੂ ਨਾਨਕ ਜੀ ਦੀ ਸਿੱਖੀ ਦੇ ਮੁੱਖ ਅਸੂਲ ਸਮਝਾਉਣ ਅਤੇ ਉਸ ਦੀਆਂ ਗੱਲਤ ਫਹਿਮੀਆਂ ਦੂਰ ਕਰਨ ਲਈ ਗੁਰੂ ਜੀ ਦਿੱਲੀ ਆਉਣ।

ਗੁਰੂ ਜੀ ਨੇ ਔਰੰਗਜ਼ੇਬ ਨੂੰ ਚਿਠੀ ਲਿਖੀ ਜਿਸ ਵਿਚ ਲਿਖਿਆ ਕਿ ਇਹ ਸਿਖ ਗੁਰੂ ਸਹਿਬਾਨ ਦੇ ਅਸੂਲਾਂ ਅਤੇ ਪ੍ਰੰਪਰਾ ਦੇ ਉਲਟ ਹੈ ਕਿ ਉਹ ਕਿਸੇ ਰਾਜੇ ਦੀ ਕਚਿਹਰੀ ਵਿਚ ਕੋਈ ਮਿਹਰਬਾਨੀ ਮੰਗਣ ਜਾਂ ਰਾਜਨੀਤਕ ਬੇਨਤੀ ਕਰਨ ਲਈ ਜਾਣ ...... ਮੈਂ ਇਸ ਗੱਲ ਤੋਂ ਇਨਕਾਰੀ ਨਹੀਂ ਹਾਂ ਕਿ ਦਾਰਾ ਸ਼ਿਕੋਹ ਇਥੇ ਆਇਆ ਸੀ। ਮੈਂ ਉਸ ਨੂੰ ਪ੍ਰਮਾਤਮਾ ਦੇ ਰੂਹਾਨੀ ਰਾਜ ਦੀ ਅਸੀਸ ਦਿਤੀ ਸੀ। ਕਿਉਂਕਿ ਬਾਦਸ਼ਾਹ ਸਲਾਮਤ ਨੇ ਬਾਬਾ ਨਾਨਕ ਅਤੇ ਸਿਖ ਧਰਮ ਦੇ ਗ੍ਰੰਥ ਦੇ ਭੇਦ ਵਾਰੇ ਜਾਨਣ ਲਈ ਡੂੰਘੀ ਦਿਲਚਸਪੀ ਜ਼ਾਹਰ ਕੀਤੀ ਹੈ ਇਸ ਲਈ ਮੈਂ ਆਪਣੇ ਵੱਡੇ ਸਪੁੱਤਰ ਰਾਮਰਾਇ ਅਤੇ ਕੁਝ ਪ੍ਰਚਾਰਕਾਂ ਨੂੰ ਸਿਖ ਧਰਮ ਵਾਰੇ ਆਪਦੇ ਸ਼ੱਕ ਅਤੇ ਗੱਲਤ ਫਹਿਮੀਆਂ ਨੂੰ ਦੂਰ ਕਰਨ ਲਈ ਭੇਜ ਰਿਹਾ ਹਾਂ।

ਰਾਮਰਾਇ ਜੀ ਨਾਲ ਪੰਜ ਮੋਹਰੀ ਸਿਖ ਸਨ ਜਿਨ੍ਹਾਂ ਦਾ ਮੁਖੀ ਦੀਵਾਨ ਦੁਰਗਾ ਮੱਲ ਸੀ। ਰਾਮਰਾਇ ਜੀ ਨੂੰ ਆਦੇਸ਼ ਦਿਤਾ ਗਿਆ ਕਿ ਬਿਨ੍ਹਾਂ ਕਿਸੇ ਡਰ ਦੇ ਪੋਥੀ ਸਾਹਿਬ (ਧਰਮ ਗ੍ਰੰਥ), ਮਹਾਨ ਗੁਰੂ ਸਹਿਬਾਨ ਦੇ ਇਤਿਹਾਸ ਅਤੇ ਵਿਚਾਰਾਂ ਦੀ ਵਿਆਖਿਆ ਕਰਨੀ। ਉਸ ਨੂੰ ਦੱਸਿਆ ਗਿਆ ਕਿ ਗੁਰੂ ਨਾਨਕ ਜੀ ਦੀਆਂ ਅਸੀਸਾਂ ਅਤੇ ਮੇਹਰ ਦੀ ਨਿਗ੍ਹਾ ਉਸ ਉਪਰ ਪੂਰੀ ਤਰ੍ਹਾਂ ਹੈ। ਉਸ ਨੂੰ ਨਾਲ ਲਿਜਾਣ ਲਈ ਗ੍ਰੰਥ ਸਾਹਿਬ ਦੀ ਬੀੜ ਵੀ ਦਿਤੀ ਗਈ। ਇਸਲਾਮ ਅਨੁਸਾਰ ਰਹਿਬਰ ਜਾਂ ਪੀਰ ਹੋਣ ਲਈ ਕਰਾਮਾਤੀ ਹੋਣਾ ਜਰੂਰੀ ਹੈ। ਬਾਦਸ਼ਾਹ ਦੇ ਦਰਬਾਰ ਵਿਚ ਰਾਮਰਾਇ ਜੀ ਨੂੰ ਵੀ ਕਰਾਮਾਤਾਂ ਦਿਖਾਉਣ ਲਈ ਆਖਿਆ ਗਿਆ। ਦਿੱਲੀ ਦੇ ਮਸੰਦਾਂ ਨੇ ਬਾਦਸ਼ਾਹ ਨੂੰ ਇਹ ਆਖਿਆ ਹੋਇਆ ਸੀ ਕਿ ਗ੍ਰੰਥ ਸਾਹਿਬ ਵਿਚ ਇਸਲਾਮ ਦੇ ਬਰਖਿਲਾਫ ਲਿਖਿਆ ਹੋਇਆ ਹੈ। ਉਸ ਦੇ ਸ਼ਪੱਸਟੀਕਰਣ ਬਾਰੇ ਵੀ ਪੁਛਿਆ ਗਿਆ। ਇਸ ਤੋਂ ਪਹਿਲਾਂ ਕਿ ਰਾਮਰਾਇ ਜੀ ਕੋਈ ਗਲਤੀ ਕਰਦੇ ਅਤੇ ਸ਼ਾਹੀ ਦਰਬਾਰ ਵਿਚੋਂ ਬਾਹਰ ਆ ਜਾਂਦੇ ਉਹ ਗੱਲਤ ਮਸੰਦਾਂ ਦੇ ਝਾਂਸੇ ਵਿਚ ਆ ਗਏ। ਇਨ੍ਹਾਂ ਮਸੰਦਾਂ ਦਾ ਮੁਖੀ ਦਿੱਲੀ ਦਾ ਮਸੰਦ ਗੁਰਬਖਸ਼ ਸੀ। ਰਾਮਰਾਇ ਜੀ ਨੇ, ਪਿਤਾ ਗੁਰੂ ਜੀ ਦੀਆਂ ਹਦਾਇਤਾਂ ਨੂੰ ਭੁਲ ਕੇ ਬਾਦਸ਼ਾਹ ਦੀ ਖੁਸ਼ੀ ਲੈਣ ਲਈ ਕਈ ਕਰਾਮਾਤਾਂ ਕਰ ਵਿਖਾਈਆਂ। ਸਭ ਤੋਂ ਵੱਧ ਦੁਖਦਾਈ ਗੱਲ ਇਹ ਸੀ ਕਿ ਰਾਮਰਾਇ ਜੀ ਨੇ ਬਾਦਸ਼ਾਹ ਨੂੰ ਖੁਸ਼ ਕਰਨ ਲਈ ਗੁਰੂ ਨਾਨਕ ਜੀ ਦੀ ਬਾਣੀ ਦੇ ਲਫਜ਼ ਬਦਲ ਕੇ ਸ਼ਬਦ ਪੜ੍ਹਿਆ।

ਆਸਾ ਕੀ ਵਾਰ ਦਾ ਸ਼ਬਦ ਹੈ:-

**ਮ: 1 ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ॥**
**ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ॥**
**ਜਲਿ ਜਲਿ ਰੋਵੈ ਬਪੁੜੀ**
**ਝੜਿ ਝੜਿ ਪਵਿਹ ਅੰਗਿਆਰ ॥**
**ਨਾਨਕ ਜਿਨਿ ਕਰਤੈ ਕਾਰਣੁ ਕੀਆ**
**ਸੋ ਜਾਣੈ ਕਰਤਾਰ ॥ 2॥**

ਰਾਮਰਾਇ ਜੀ ਨੇ ਲਫਜ਼ “ਮੁਸਲਮਾਨ” ਦੀ ਬਜਾਇ “ਬੇਈਮਾਨ” ਵਰਤ ਲਿਆ ਅਤੇ ਸ਼ਬਦ ਦੇ ਅਰਥ ਕੀਤੇ ਕਿ ਜੋ ਇਨਸਾਨ ਬੇਈਮਾਨ ਹਨ ਮਰਨ ਤੋਂ ਬਾਅਦ ਉਨ੍ਹਾਂ ਦੀ ਮਿੱਟੀ ਦੋਜ਼ਖ ਦੀ ਅੱਗ ਵਿਚ ਜਲੇਗੀ। ਬਾਦਸ਼ਾਹ ਨੇ ਖੁਸ਼ ਹੋ ਕਰ ਉਸ ਨੂੰ ਦੂਨ ਵਾਦੀ ਵਿਚ ਜ.ਗੀਰ ਦਿਤੀ।

ਜਦ ਦੀਵਾਨ ਦੁਰਗਾ ਮੱਲ ਨੇ ਉਨ੍ਹਾਂ ਦੀ ਕੀਤੀ ਗਲਤੀ ਵੱਲ ਧਿਆਨ ਦਿਵਾਇਆ ਤਾਂ ਉਨ੍ਹਾਂ ਨੇ ਬਹੁਤ ਪਛਤਾਵਾ ਕੀਤਾ। ਦੀਵਾਨ ਦੁਰਗਾ ਮੱਲ ਨੇ ਸਾਰੀ ਖੱਬਰ ਗੁਰੂ ਜੀ ਨੂੰ ਭੇਜ ਦਿਤੀ। ਗੁਰੂ ਜੀ ਨੇ ਰਾਮਰਾਇ ਜੀ ਨੂੰ ਫਿਟਕਾਰ ਭਰੀ ਚਿਠੀ ਲਿਖੀ ਅਤੇ ਕਿਹਾ ਕਿ ਤੂੰ ਹੁਣ ਸਾਡੇ ਪਿਆਰ ਦੇ ਯੋਗ ਨਹੀਂ ਰਿਹਾ। ਤੇਰੀ ਇਹ ਭੁੱਲ ਮੁਆਫ ਨਹੀਂ ਕੀਤੀ ਜਾ ਸਕਦੀ। ਹੁਣ ਤੂੰ ਸਾਨੂੰ ਆਪਣਾ ਮੂੰਹ ਤਕ ਨਾ ਦਿਖਾਵੀਂ। ਰਾਮਰਾਇ ਦਿੱਲੀ ਤੋਂ ਦੂਨ ਚਲਾ ਗਿਆ ਅਤੇ ਆਪਣਾ ਡੇਰਾ ਉਥੇ ਸਥਾਪਤ ਕੀਤਾ ਬਾਅਦ ਵਿਚ ਇਸ ਇਲਾਕੇ ਦਾ ਨਾਂ ਡੇਹਰਾਦੂਨ ਪੈ ਗਿਆ। ਰਾਮਰਾਇ ਸਾਰੀ ਉਮਰ ਗੁਰੂ ਹਰਿ ਰਾਇ ਜੀ ਦੇ ਸਾਹਮਣੇ ਨਹੀਂ ਆਇਆ।

6 ਅਕਤੂਬਰ 1661 ਨੂੰ ਗੁਰੂ ਹਰਿ ਰਾਇ ਜੀ ਭਰ ਜੁਆਨੀ ਵਿਚ 31 ਸਾਲ ਦੀ ਉਮਰ ਵਿਚ ਅਕਾਲ ਚਲਾਣਾ ਕਰ ਗਏ। ਸੰਸਾਰ ਛੱਡਣ ਤੋਂ ਪਹਿਲਾਂ ਗੁਰੂ ਜੀ ਨੇ ਗੁਰੁ ਨਾਨਕ ਜੀ ਦੀ ਗੱਦੀ ਆਪਣੇ ਛੋਟੇ ਸਪੁੱਤਰ ਹਰਿਕ੍ਰਿਸ਼ਨ ਜੀ ਨੂੰ ਸੰਭਾਲ ਦਿਤੀ। ਉਸ ਵੇਲੇ ਉਨ੍ਹਾਂ ਦੀ ਉਮਰ ਸਿਰਫ 5 ਸਾਲ ਅਤੇ 2 ਮਹੀਨੇ ਦੀ ਸੀ। ਗੁਰਗੱਦੀ ਦੇਣ ਸਮੇਂ ਗੁਰੂ ਹਰਰਾਇ ਜੀ ਨੇ ਗੁਰੂ ਹਰਿਕ੍ਰਿਸ਼ਨ ਜੀ ਨੂੰ ਹਦਾਇਤ ਕੀਤੀ ਕਿ ਸਿਖ ਧਰਮ ਨੂੰ ਦਿੱਲੀ ਦੇ ਹਾਕਮਾਂ ਦਾ ਹੱਥ ਠੋਕਾ ਨਹੀਂ ਬਣਨ ਦੇਣਾ।

ਗੁਰੂ ਹਰਿਕ੍ਰਿਸ਼ਨ ਜੀ ਬਹੁਤਾ ਸਮਾਂ ਕੀਰਤਪੁਰ ਹੀ ਰਹੇ।ਗੁਰਗੱਦੀ ਮਿਲਣ ਦੇ ਦੋ ਸਾਲ ਬਾਅਦ ਆਪ ਜੀ ਨੂੰ ਜਨਵਰੀ 1663 ਈਸਵੀ ਵਿਚ ਔਰੰਗਜ਼ੇਬ ਵਲੋਂ ਦਿੱਲੀ ਦਰਬਾਰ ਵਿਚ ਹਾਜ਼ਰ ਹੋਣ ਲਈ ਸੱਦਿਆ ਗਿਆ। ਗੁਰੂ ਜੀ ਨੂੰ ਇਸ ਤਰ੍ਹਾਂ ਦਿੱਲੀ ਸੱਦਣ ਵਿਚ ਰਾਮਰਾਇ ਅਤੇ ਦਿੱਲੀ ਦੇ ਮਸੰਦ ਗੁਰਬਖਸ਼ ਦਾ ਹੱਥ ਸੀ। ਰਾਮਰਾਇ ਨੇ ਗੁਰਗੱਦੀ ’ਤੇ ਆਪਣਾ ਹੱਕ ਜਿਤਾਉਣ ਲਈ ਔਰੰਗਜ਼ੇਬ ਕੋਲ ਗੁਰੂ ਜੀ ਦੇ ਬਰਖਿਲਾਫ ਸ਼ਕਾਇਤ ਕੀਤੀ ਅਤੇ ਮਸੰਦ ਗੁਰਬਖਸ਼ ਦੀ ਵੀ ਦਿੱਲੀ ਦਰਬਾਰ ਵਿਚ ਸੁਣਵਾਈ ਸੀ। ਉਹ ਵੀ ਗੁਰੁ ਘਰ ਦਾ ਦੋਖੀ ਸੀ। ਐਮ ਏ ਮੈਕਾਲਿਫ ਦੇ ਅਨੁਸਾਰ ਰਾਮਰਾਇ ਨੇ ਬਾਦਸ਼ਾਹ ਨੂੰ ਆਖਿਆ “ਬਾਦਸ਼ਾਹ ਸਲਾਮਤ ਆਪ ਦੇ ਰਾਜ ਵਿਚ ਮੇਰੇ ਛੋਟੇ ਭਰਾ ਨੇ ਸਾਡੇ ਬਾਪ ਦੀ ਸਾਰੀ ਜਾਇਦਾਦ, ਗੁਰਗੱਦੀ ਅਤੇ ਆਉਣ ਵਾਲੇ ਸਾਰੇ ਚੜ੍ਹਾਵੇ ਤੇ ਕਬਜਾ ਕਰ ਲਿਆ ਹੈ। ਕਿਉਂਕਿ ਮੈਂ ਆਪ ਜੀ ਦੇ ਹੁਕਮ ਦੀ ਪਾਲਣਾ ਕੀਤੀ ਸੀ ਇਸ ਕਰਕੇ ਮੇਰੇ ਨਾਲ ਬੇਇਨਸਾਫੀ ਹੋਈ ਹੈ। ਸਾਡੇ ਪਿਤਾ ਜੀ ਤੁਹ-ਾਡੇ ਬਹੁਤ ਬਰਖਿਲਾਫ ਸਨ। ਆਪਣੀ ਮੌਤ ਦੇ ਸਮੇਂ ਉਨ੍ਹਾਂ ਨੇ ਮੇਰੇ ਛੋਟੇ ਭਰਾ ਨੂੰ ਤੁਹਾਡੇ ਨਾਲ ਸਮਝੌਤਾ ਕਰਨ ਤੋਂ ਰੋਕਿਆ ਹੈ। ਤੁਸੀਂ ਉਸ ਨੂੰ ਦਿੱਲੀ ਸੱਦੋ ਅਤੇ ਮੈਨੂੰ ਮੇਰਾ ਹੱਕ ਲੈ ਕਰ ਦੇਵੋ।ਜਾਂ ਉਹ ਵੀ ਮੇਰੇ ਵਾਂਗ ਕਰਾਮਾਤਾਂ ਕਰਕੇ ਦਿਖਾਵੇ ਨਹੀਂ ਤਾਂ ਗੁਰਗੱਦੀ ਮੈਂਨੂੰ ਦਿਤੀ ਜਾਵੇ।

ਔਰੰਗਜ਼ੇਬ ਇਕ ਜਨੂਨੀ, ਮੁਤੱਸਬੀ ਅਤੇ ਕੰਨਾਂ ਦਾ ਕੱਚਾ ਮੁਸਲਮਾਨ ਬਾਦਸ਼ਾਹ ਸੀ। ਉਹ ਭਾਰਤ ਵਿਚ ਸਿਰਫ ਇਸਲਾਮ ਦਾ ਹੀ ਬੋਲਬਾਲਾ ਚਾਹੁੰਦਾ ਸੀ। ਉਹ ਗੁਰੂ ਜੀ ਨੂੰ ਇਸਲਾਮ ਵਿਚ ਲਿਆਉਣਾ ਚਾਹੁੰਦਾ ਸੀ ਅਤੇ ਸਿਖ ਧਰਮ ਨੂੰ ਖਤਮ ਕਰਨਾ ਚਾਹੁੰਦਾ ਸੀ। ਦਿੱਲੀ ਆਉਣ ਦਾ ਸੰਦੇਸ਼ ਗੁਰੂ ਜੀ ਨੂੰ ਜੈਪੁਰ ਦੇ ਰਾਜਾ ਮਿਰਜਾ ਜੈ ਸਿੰਘ ਦੇ ਏਲਚੀਆਂ ਹੱਥ ਭੇਜਿਆ ਗਿਆ। ਔਰੰਗਜ਼ੇਬ ਨੇ ਰਾਜਾ ਜੈ ਸਿੰਘ ਨੂੰ ਹਦਾਇਤ ਕੀਤੀ ਕਿ ਗੁਰੂ ਜੀ ਨੂੰ ਪੂਰੇ ਸਤਿਕਾਰ ਨਾਲ ਦਿੱਲੀ ਲਿਆਂਦਾ ਜਾਵੇ ਅਤੇ ਰਸਤੇ ਵਿਚ ਕਿਸੇ ਕਿਸਮ ਦੀ ਤਕਲੀਫ ਨਾ ਹੋਵੇ।ਅੰਦਰੋਂ ਭਾਵੇਂ ਉਸ ਦਾ ਮਨ ਖੋਟਾ ਸੀ।

ਰਾਜਾ ਜੈ ਸਿੰਘ ਦੇ ਏਲਚੀ ਜਦ ਕੀਰਤਪੁਰ ਗੁਰੂ ਜੀ ਪਾਸ ਪਹੁੰਚਾ ਤਾਂ ਗੁਰੁ ਜੀ ਨੇ ਬਾਦਸ਼ਾਹ ਦੀ ਭੈੜੀ ਨੀਯਤ ਦੇਖ ਕਰ ਦਿੱਲੀ ਜਾਣ ਤੋਂ ਇਨਕਾਰ ਕਰ ਦਿਤਾ।ਏਲਚੀਆਂ ਦੇ ਬਹੁਤ ਮਨਾਉਣ ਅਤੇ ਇਹ ਆਖਣ ’ਤੇ ਕਿ ਦਿੱਲੀ ਦੀ ਸੰਗਤ ਆਪ ਜੀ ਦੇ ਦਰਸਨ ਕਰਨ ਲਈ ਬਹੁਤ ਉਤਾਵਲੀ ਹੈ ਤਾਂ ਗੁਰੂ ਜੀ ਦਿੱਲੀ ਜਾਣ ਨੂੰ ਮੰਨ ਗਏ। ਦਿੱਲੀ ਨੂੰ ਜਾਂਦਿਆਂ ਰਸਤੇ ਵਿਚ ਅੰਬਾਲੇ ਦੇ ਨੇੜੇ, ਇਕ ਪਿੰਡ, ਪੰਜੋਖੜਾ ਵਿਚ ਆਪ ਰੁਕੇ। ਇਥੇ ਆਪ ਜੀ ਨੇ ਕੀਰਤਪੁਰ ਤੋਂ ਨਾਲ ਆਈ ਹੋਈ ਸੰਗਤ ਨੂੰ ਕੀਰਤਪੁਰ ਵਾਪਸ ਮੁੜ ਜਾਣ ਲਈ ਆਦੇਸ਼ ਦਿਤਾ। ਇਸ ਪਿੰਡ ਵਿਚ ਇਕ ਬਹੁਤ ਵਿਦ-ਵਾਨ ਅਤੇ ਹੈਂਕੜਬਾਜ ਪੰਡਿਤ ਰਹਿੰਦਾ ਸੀ। ਜਦ ਉਸ ਨੂੰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਬਾਬਤ, ਉਨ੍ਹਾਂ ਦੀ ਛੋਟੀ ਉਮਰ ਅਤੇ ਉਨ੍ਹਾਂ ਦੇ ਨਾਮ ਬਾਬਤ ਪਤਾ ਲੱਗਾ ਤਾਂ ਉਹ ਨਫਰਤ ਦੀ ਅੱਗ ਨਾਲ ਸੜਨ ਲੱਗਾ। ਗੁਸੇ ਵਿਚ ਆ ਕੇ ਗੁਰੂ ਜੀ ਵਾਰੇ ਕਈ ਕੁਝ ਵੱਧ ਘੱਟ ਲਫਜ਼ ਵੀ ਬੋਲੇ। ਇਥੋਂ ਤੱਕ ਕਿਹਾ ਕਿ ਸ਼੍ਰੀ ਕ੍ਰਿਸ਼ਨ ਜੀ ਨੇ ਭਗਵਤ ਗੀਤਾ ਉਚਾਰਨ ਕੀਤੀ ਸੀ ਪਰ ਇਹ ਬਾਲਕ ਆਪਣੇ ਆਪ ਨੂੰ ਕ੍ਰਿਸ਼ਨ ਹੀ ਨਹੀਂ ਸਗੋਂ ਹਰਿ ਕ੍ਰਿਸ਼ਨ ਅਖਵਾਉਂਦਾ ਹੈ।ਇਹ ਸਾਨੂੰ ਗੀਤਾ ਦੇ ਅਰਥ ਕਰਕੇ ਸੁਣਾਵੇ। ਗੁਰੂ ਜੀ ਨੇ ਆਪਣੇ ਸ਼ਾਂਤ ਸੁਭਾ ਅਨੁਸਾਰ ਉਸ ਨੂੰ ਉਤਰ ਦਿਤਾ ਕਿ ਪੰਡਿਤ ਜੀ ਗੀਤਾ ਦੇ ਅਰਥ ਤਾਂ ਕੋਈ ਵੀ ਕਰ ਸਕਦਾ ਹੈ।ਇਸ ਨਾਲ ਪੰਡਿਤ ਲਾਲ ਚੰਦ ਦਾ ਗੁੱਸਾ ਹੋਰ ਵੀ ਵੱਧ ਗਿਆ ਅਤੇ ਕਈ ਕੁਝ ਬੋਲ ਗਿਆ। ਗੁਰੂ ਜੀ ਨੇ ਪ੍ਰੇਮ ਨਾਲ ਉਸ ਨੂੰ ਆਖਿਆ ਕਿ ਪੰਡਿਤ ਜੀ ਇਸ ਪਿੰਡ ਵਿਚੋਂ ਕਿਸੇ ਇਨਸਾਨ ਨੂੰ ਲੈ ਆਵੋ ਉਹ ਹੀ ਆਪ ਜੀ ਨੂੰ ਗੀਤਾ ਦੇ ਅਰਥ ਕਰਕੇ ਦੱਸ ਦੇਵੇਗਾ। ਗੁੱਸੇ ਵਿਚ ਆ ਕੇ ਪੰਡਿਤ ਲਾਲ ਚੰਦ ਉਸ ਪਿੰਡ ਦੇ ਇਕ ਅਨਪੜ੍ਹ ਅਤੇ ਗੂੰਗੇ ਵਿਅਕਤੀ ਛੱਜੂ ਰਾਮ (ਝੀਉਰ ਜਾਤ ਦਾ) ਨੂੰ ਲੈ ਆਇਆ। ਗੁਰੂ ਹਰਿਕ੍ਰਿਸ਼ਨ ਜੀ ਨੇ ਛੱਜੂ ਰਾਮ ਦੀਆਂ ਅੱਖਾਂ ਵਿਚ ਤੱਕਿਆ। ਗੁਰੂ ਜੀ ਦੇ ਦੇਖਦੇ ਸਾਰ ਹੀ ਉਸ ਦੇ ਅੰਦਰ ਗਿਆਨ ਪ੍ਰਕਾਸ਼ ਹੋ ਗਿਆ। ਪੰਡਿਤ ਲਾਲ ਚੰਦ ਨੇ ਗੀਤਾ ਵਿਚੋਂ ਕਈ ਸ਼ਲੋਕ ਪੜ੍ਹੇ ਅਤੇ ਛੱਜੂ ਰਾਮ ਨੇ ਉਸ ਦੇ ਅਰਥ ਅਤੇ ਵਿਆਖਿਆ ਇਸ ਤਰ੍ਹਾਂ ਕੀਤੀ ਕਿ ਪੰਡਿਤ ਲਾਲ ਚੰਦ ਅਤੇ

ਬਾਕੀ ਸਫਾ 56 ’ਤੇ →